ਸਫ਼ਾ 1 ਦੀ ਬਾਕੀ

ਮੋਦੀ ਅਤੇ ਰਾਹੁਲ ਨੇ ਇਕ ਦੂਜੇ 'ਤੇ ਬੋਲਿਆ ਹਮਲਾ

ਜ਼ਿੰਦਗੀ ਤਬਾਹ ਕਰਨ ਦਾ ਕੰਮ ਕਰਦੇ ਹਨ। ਮੋਦੀ ਨੇ ਕਿਹਾ ਕਿ ਕਾਂਗਰਸ ਦੇ ਲੋਕ ਜਵਾਬ ਦੇਣ ਕਿ ਉਹ ਸ਼ਹਿਰੀ ਮਾਓਵਾਦੀਆਂ ਦੀ ਰਾਖੀ ਲਈ ਬਿਆਨਬਾਜ਼ੀ ਕਰਦੇ ਹਨ। ਉਨ੍ਹਾਂ ਵਿਰੁਧ ਜੇ ਸਰਕਾਰੀ ਕਾਨੂੰਨੀ ਕਾਰਵਾਈ ਹੋਵੇ ਤਾਂ ਤੁਸੀ ਉਨ੍ਹਾਂ ਨੂੰ ਬਚਾਉਣ ਲਈ ਮੈਦਾਨ 'ਚ ਆਉਂਦੇ ਹੋ, ਅਤੇ ਇਥੇ ਆ ਕੇ ਨਕਸਲਵਾਦ ਵਿਰੁਧ ਢਿੱਲੀਆਂ ਗੱਲਾਂ ਕਰ ਕੇ ਵੋਟਾਂ ਭਾਲਦੇ ਹੋ।

ਮੋਦੀ ਨੇ ਅਪਣੇ ਭਾਸ਼ਣ ਦੌਰਾਨ ਦੰਤੇਵਾੜਾ 'ਚ ਨਕਸਲੀ ਹਮਲੇ 'ਚ ਮਾਰੇ ਗਏ ਦੂਰਦਰਸ਼ਨ ਦੇ ਕੈਮਰਾਮੈਨ ਨੂੰ ਵੀ ਸ਼ਰਧਾਂਜਲੀ ਦਿਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ 'ਵਾਰ ਵਾਰ ਭਾਜਪਾ' ਦਾ ਮੰਤਰ ਲੈ ਕੇ ਲੋਕ ਵੱਡੀ ਗਿਣਤੀ 'ਚ ਵੋਟਿੰਗ ਕਰਨ ਅਤੇ ਚੋਣਾਂ 'ਚ ਖ਼ੂਨ ਦੀਆਂ ਨਦੀਆਂ ਵਹਾਉਣ ਦਾ ਸੁਪਨਾ ਵੇਖਣ ਵਾਲਿਆਂ ਨੂੰ ਵੱਡੀ ਗਿਣਤੀ 'ਚ ਵੋਟਾਂ ਦੇ ਕੇ ਜਵਾਬ ਦੇਣ। ਦੂਜੇ ਪਾਸੇ ਰਾਹੁਲ ਗਾਂਧੀ ਨੇ ਕਾਂਕੇਰ ਜ਼ਿਲ੍ਹੇ 'ਚ ਪਖਾਂਜੁਰ 'ਚ ਪੰਡਤ ਸ਼ਿਆਮਾ ਪ੍ਰਸਾਦ ਮੁਖਰਜੀ ਸਟੇਡੀਅਮ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, "ਬਸਤਰ ਕੁਦਰਤੀ ਸਰੋਤਾਂ ਨਾਲ ਅਮੀਰ ਹੈ ਪਰ ਸਥਾਨਕ ਲੋਕਾਂ ਨੂੰ ਉਨ੍ਹਾਂ ਦਾ ਲਾਭ ਨਹੀਂ ਮਿਲ ਰਿਹਾ। ਲਾਭ ਮੋਦੀ ਜੀ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਦੇ ਕੁੱਝ ਉਦਯੋਗਪਤੀ ਮਿੱਤਰਾਂ ਤਕ ਪਹੁੰਚ ਰਹੇ ਹਨ।" ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਪਿਛਲੇ ਸਾਢੇ ਚਾਰ ਸਾਲਾਂ 10-15 ਉਦਯੋਗਪਤੀਆਂ ਦੇ 3.50 ਲੱਖ ਕਰੋੜ ਰੁਪਏ ਦੇ ਕਰਜ਼ੇ ਮਾਫ਼ ਕਰ ਦਿਤੇ ਗਏ। ਏਨੀ ਵੱਡੀ ਰਕਮ ਨਾਲ 10 ਮਨਰੇਗਾ ਯੋਜਨਾਵਾਂ ਲਾਗੂ ਹੋ ਸਕਦੀਆਂ ਸਨ। ਸੂਬੇ 'ਚ ਭਾਰਤੀ ਜਨਤਾ ਪਾਰਟੀ ਪਿਛਲੇ 15 ਸਾਲਾਂ ਤੋਂ ਸੱਤਾ 'ਚ ਹੈ ਅਤੇ ਇਸ ਵਾਰੀ ਉਹ 65 ਸੀਟਾਂ 'ਤੇ ਜਿੱਤ ਨਾਲ ਚੌਥੀ ਵਾਰੀ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਜਦਕਿ ਕਾਂਗਰਸ ਇਸ ਵਾਰੀ ਸੱਤਾ 'ਚ ਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਸੂਬੇ 'ਚ ਸਰਕਾਰ ਬਚਾਉਣ ਅਤੇ ਬਣਾਉਣ ਲਈ ਭਾਜਪਾ ਅਤੇ ਕਾਂਗਰਸ ਦੋਹਾਂ ਨੇ ਅਪਣੀ ਪੂਰੀ ਤਾਕਤ ਲਾਈ ਹੋਈ ਹੈ। 2013 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ 90 ਸੀਟਾਂ 'ਤੇ 40 ਸੀਟਾਂ 'ਤੇ ਭਾਜਪਾ ਨੇ ਅਤੇ 39 ਸੀਟਾਂ 'ਤੇ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ। (ਪੀਟੀਆਈ)

ਸ਼੍ਰੋਮਣੀ ਕਮੇਟੀ ਵਲੋਂ ਛਾਪੀਆਂ ਸਿੱਖ ਗੁਰੂਆਂ ਵਿਰੁਧ ਪੁਸਤਕਾਂ ਦੀ ਜਾਂਚ ਪਹਿਲਾਂ ਕਰਵਾਉ : ਗਵਰਨਰ ਨੂੰ ਮੰਗ ਪੱਤਰ

ਵਿਰੁਧ ਕਾਰਵਾਈ ਕਰਕੇ ਇਨਸਾਫ਼ ਨਹੀ ਦਿੱਤਾ। ਸਿੱਖ ਇਤਿਹਾਸ ਹਿੰਦੀ ਦੀ ਕਿਤਾਬ 1999 ਵਿੱਚ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਮੇਂ ਛਾਪੀ ਗਈ ਸੀ ਜਦੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਨ। ਇਸੇ ਤਰ੍ਹਾਂ ਦਸਬੰਰ 2013 ਦਾ ਅੰਕ ਗੁਰਮਤਿ ਪ੍ਰਕਾਸ਼ ਵਿੱਚ ਵੀ ਸਾਹਿਬਜਾਦਿਆ ਦੀਆ ਤਸਵੀਰਾਂ ਦਸਤਾਰਾਂ ਵਾਲੀਆ ਛਾਪਣ ਦੀ ਬਜਾਏ ਸਿੱਖ ਇਤਿਹਾਸ ਨੂੰ ਰਲਗਡ ਕਰਕੇ ਕਿਸੇ ਸਾਜਿਸ਼ ਤਹਿਤ ਟੋਪੀਆ ਵਾਲੀਆਂ ਤਸਵੀਰਾਂ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਕਾਰਜਕਾਲ ਸਮੇਂ ਛਪਵਾਈਆ ਗਈਆ ਜਿਹੜਾ ਸਿੱਖ ਇਤਿਹਾਸ 'ਤੇ ਵੱਡਾ ਹਮਲਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੈ ਜਿਸ ਦਾ ਮੁੱਖ ਕਾਰਜ ਹੀ ਸਿੱਖ ਪੰਥ ਦੀ ਰਾਖੀ ਕਰਨਾ ਤੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ ਪਰ ਮੌਜੂਦਾ ਪ੍ਰਬੰਧਕ ਕਿਸੇ ਨਾਗਪੁਰੀ ਸਾਜਿਸ਼ ਤਹਿਤ ਸਿੱਖ ਧਰਮ ਤੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਦਾ ਕਾਰਜ ਕਰਕੇ ਮਸੰਦਾ ਵਾਲਾ ਰੋਲ ਨਿਭਾ ਰਹੇ ਹਨ ਜਿਸ ਨੂੰ ਕਿਸੇ ਵੀ ਸ਼ਰਤ ਤੇ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਅਵਤਾਰ ਸਿੰਘ ਮੱਕੜ, ਸਾਬਕਾ ਸਕੱਤਰ ਦਿਲਮੇਘ ਸਿੰਘ, ਸਤਬੀਰ ਸਿੰਘ, ਹਰਬੰਅੰਤ ਸਿੰਘ, ਹਰਜੀਤ ਸਿੰਘ , ਗੁਰਬਚਨ ਸਿੰਘ ਬਚਨ, ਵਰਿਆਮ ਸਿੰਘ, ਬਾਬਾ ਟੇਕ ਸਿੰਘ ਧਨੌਲਾ, ਜੋਗਿੰਦਰ ਸਿੰਘ ਐਰਵਾ (ਹਰਿਆਣਾ) ਆਦਿ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ ਤੇ ਇਸ ਕਾਰਵਾਈ ਵਿੱਚ ਉਹਨਾਂ ਵਿਅਕਤੀਆ ਨੂੰ ਵੀ ਸ਼ਾਮਲ ਕੀਤਾ ਜਾਵੇ ਜਿਹੜੇ ਹੁਣ ਤੱਕ ਜਿੰਮੇਵਾਰ ਆਹੁਦਿਆ ਤੇ ਤਾਂ ਬਣੇ ਰਹੇ ਪਰ ਉਹਨਾਂ ਨੇ ਵੀ ਦੋਸ਼ੀਆ ਖਿਲਾਫ਼ ਕੋਈ ਕਾਰਵਾਈ ਨਹੀ ਕੀਤੀ ਜਿਹਨਾਂ ਵਿੱਚ ਮੁੱਖ ਸਕੱਤਰ ਰੂਪ ਸਿੰਘ ਤੇ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਤੇ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸ਼ਾਮਲ ਹਨ। ਉਹਨਾਂ ਕਿਹਾ ਕਿ ਇਹਨਾਂ ਕੌਮ ਦੇ ਰਾਖਿਆ ਨੇ ਦੋਸ਼ੀਆ ਦੀ ਪੁਸ਼ਤਪਨਾਹੀ ਕਰਕੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਉਣ ਦੀ ਕਾਰਵਾਈ ਕਰਕੇ ਵਿਸ਼ਵਾਸ਼ਘਾਤ ਕੀਤਾ ਹੈ। ਉਹਨਾਂ ਸੁਖਬੀਰ ਸਿੰਘ ਬਾਦਲ ਬਾਰੇ ਕਿਹਾ ਕਿ ਉਹ ਪੰਜਾਬ ਸਰਕਾਰ ਕੋਲੋ +1 +2 ਦੇ ਸਿਲੇਬਸ ਦੀਆਂ ਸਿੱਖ ਇਤਿਹਾਸ ਦੀਆ ਕਿਤਾਬਾਂ ਜਿਹਨਾਂ ਵਿੱਚ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਦੇ ਦੋਸ਼ੀਆ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰ ਰਹੇ ਹਨ ਜਿਸ ਦਾ ਉਹ ਸੁਆਗਤ ਕਰਦੇ ਹਨ ਪਰ ਨਾਲ ਹੀ ਸੁਖਬੀਰ ਸਿੰਘ ਬਾਦਲ ਨੂੰ ਵੀ ਪੰਥਕ ਕਚਿਹਰੀ ਵਿੱਚ ਖੜਾ ਕਰਕੇ ਪੁੱਛਣਾ ਚਾਹੁੰਦੇ ਹਨ ਕਿ ਉਹਨਾਂ ਦੇ ਪ੍ਰਬੰਧ ਹੇਠ ਚੱਲਦੀ ਸ਼੍ਰੋਮਣੀ ਕਮੇਟੀ ਵੱਲੋ ਛਾਪੀਆ ਗਈਆ ਸਿੱਖ ਇਤਿਹਾਸ ਨਾਲ ਸਬੰਧਿਤ ਵਿਵਾਦਤ ਕਿਤਾਬਾਂ ਦੇ ਦੋਸ਼ੀਆ ਨੂੰ ਵੀ ਸਜਾ ਦਿਵਾਉਣ ਲਈ ਕਿਉ ਅੱਗੇ ਨਹੀ ਆ ਰਹੇ ? ਇਸ ਮੌਕੇ ਅਜੀਤ ਸਿੰਘ ਬਾਠ, ਪੰਜਾਬ ਸਿੰਘ ਸੁਲਤਾਨਵਿੰਡ, ਹਰਮਨਪ੍ਰੀਤ ਸਿੰਘ ਅਜਾਦ, ਨਿਸ਼ਾਨ ਸਿੰਘ ਕੰਗ, ਗੁਰਨਾਮ ਸਿੰਘ ਖੱਖ, ਰੇਸ਼ਮ ਸਿੰਘ ਬਾਬਾ ਬਕਾਲਾ ਆਦਿ ਹਾਜ਼ਰ ਸਨ।

ਨੋਟਬੰਦੀ ਵਿਰੁਧ ਕਾਂਗਰਸ ਦਾ ਦੇਸ਼ ਭਰ 'ਚ ਪ੍ਰਦਰਸ਼ਨ

ਕਰੇਗੀ। ਪਾਰਟੀ ਨੇ ਅੱਜ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਵੀ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤਾ ਅਤੇ ਇਸ ਕਦਮ ਨਾਲ 'ਅਰਥਚਾਰੇ ਨੂੰ ਨੁਕਸਾਨ ਪਹੁੰਚਾਉਣ ਅਤੇ ਲੋਕਾਂ ਲਈ ਪ੍ਰੇਸ਼ਾਨੀ ਪੈਦਾ ਕਰਨ' ਨੂੰ ਲੈ ਕੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਨਿਸ਼ਾਨਾ ਲਾਇਆ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇਸ ਵਿਸ਼ੇ ਸਬੰਧੀ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਜੰਮ ਕੇ ਹਮਲਾ ਬੋਲਿਆ ਅਤੇ ਦੋਸ਼ ਲਗਾਇਆ ਸੀ ਕਿ ਮੋਦੀ ਸਰਕਾਰ ਦਾ ਇਹ ਕਦਮ ਖ਼ੁਦ ਪੈਦਾ ਕੀਤੀ ਗਈ 'ਤਰਾਸਦੀ' ਅਤੇ 'ਆਤਮਘਾਤੀ ਹਮਲਾ' ਸੀ ਜਿਸ ਨਾਲ ਪ੍ਰਧਾਨ ਮੰਤਰੀ ਦੇ 'ਸੂਟ-ਬੂਟ ਵਾਲੇ ਮਿੱਤਰਾਂ' ਨੇ ਅਪਣੇ ਕਾਲੇ ਧਨ ਨੂੰ ਸਫ਼ੈਦ ਕਰਨ ਦਾ ਕੰਮ ਕੀਤਾ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਨਵੰਬਰ, 2016 ਨੂੰ ਨੋਟਬੰਦੀ ਆ ਐਲਾਨ ਕੀਤਾ ਸੀ ਜਿਸ ਕਾਰਨ ਉਨ੍ਹਾਂ ਦਿਨਾਂ ਵਿਚ ਚਲ ਰਹੇ 500 ਰੁਪਏ ਅਤੇ ਇਕ ਹਜ਼ਾਰ ਰੁਪਏ ਦੇ ਨੋਟ ਚਲਣ ਤੋਂ ਬਾਹਰ ਹੋ ਗਏ ਸਨ। ਕਾਂਗਰਸ ਨੇ ਦੋਸ਼ ਲਾਇਆ ਕਿ ਇਹ ਕਾਲੇ ਧਨ ਨੂੰ ਸਫ਼ੈਦ ਕਰਨ ਦਾ 'ਘਪਲਾ' ਸੀ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਨੂੰ ਇਹ ਦਸਣਾ ਚਾਹੀਦਾ ਹੈ ਕਿ ਨੋਟਬੰਦੀ ਨਾਲ ਹੋਏ ਭਾਰੀ ਆਰਥਕ ਨੁਕਸਾਨ ਲਈ ਕੌਣ ਜਿੰਮੇਵਾਰ ਹੈ।

ਸਫ਼ਾ 3 ਦੀ ਬਾਕੀ

ਲੋਕ ਸਭਾ ਚੋਣਾਂ 'ਚ ਨੋਟਬੰਦੀ 'ਤੇ ਜੀ.ਐਸ.ਟੀ. ਹੋਏਗਾ ਮੁਖ ਮੁੱਦਾ: ਜਾਖੜ

ਉਤੋਂ ਦੇਸ਼ ਦੇ ਅਰਥਚਾਰੇ ਵਿਚ ਆਏ ਸੰਕਟ ਨੂੰ ਠੀਕ ਕਰਨ ਲਈ ਰਿਜ਼ਰਵ ਬੈਂਕ ਨੂੰ 3,44000 ਕਰੋੜ ਬਾਕੀ ਬੈਂਕਾਂ ਤੇ ਵਿੱਤੀ ਅਦਾਰਿਆਂ ਦੀ ਭਰ ਪਾਈ ਕਰਨ ਦੇ ਹੁਕਮ ਦਿੱਤੇ ਹਨ। ਕਾਂਗਰਸੀ ਨੇਤਾਵਾਂ, ਵਰਕਰਾਂ ਦੇ ਹੱਥਾਂ ਵਿਚ ਫੜੇ ਹੋਏ ਝੰਡੇ, ਬੈਨਰਾਂ ਤੇ ਤਖ਼ਤੀਆਂ ਉਤੇ ਲਿਖਿਆ ਸੀ- "ਆਰ.ਬੀ.ਆਈ ਨੂੰ ਸਰਕਾਰ ਤੋਂ ਬਚਾਉ" "ਕੇਂਦਰ ਸਰਕਾਰ - ਹਾਇ-ਹਾਇ " "ਕਾਲਾ ਧਨ ਕਿਸ ਦੀ ਜੇਬ ਵਿਚ ਗਿਆ ?" "ਦੇਸ਼ ਭੁਗਤ ਰਿਹਾ-ਨੋਟਬੰਦੀ ਦੀ ਮਾਰ" "ਛੋਟਾ-ਕਾਰੋਬਾਰ ਵਾਲਾ ਤਬਾਹ ਹੋ ਗਿਆ" ਧਰਨੇ ਤੇ ਨਾਹਰੇ-ਬਾਜ਼ੀ ਦੌਰਾਨ ਮੋਦੀ ਸਰਕਾਰ ਵਿਰੁਧ ਭੜਾਸ ਕੱਢਣ ਦੇ ਨਾਲ ਨਾਲ "ਸੁਨੀਲ ਜਾਖੜ ਜ਼ਿੰਦਾਬਾਦ" ਤੇ "ਬਲਬੀਰ ਸਿਧੂ-ਜ਼ਿੰਦਾਬਾਦ" ਦੇ ਨਾਹਰੇ ਵੀ ਲਗਾਤਾਰ ਜਾਰੀ ਰਹੇ। ਕਈ ਵਰਕਰਾਂ ਨੇ "ਰਾਹੁਲ ਗਾਂਧੀ ਜ਼ਿੰਦਾਬਾਦ" ਦੇ ਨਾਹਰੇ ਵੀ ਲਾਏ।

ਬਠਿੰਡਾ 'ਚ ਝੋਨੇ ਦੀ ਖ਼ਰੀਦ ਦਾ ਕੰਮ ਰੁਕਿਆ

ਬਾਈਕਾਟ ਕਰਨ ਦਾ ਫ਼ੈਸਲਾ ਲਿਆ। ਦੋ ਦਿਨ ਪਹਿਲਾਂ ਇਕ ਇਸਪੈਕਟਰ ਸੰਦੋਹਾ ਪਿੰਡ 'ਚ ਘੇਰਣ ਕਰ ਕੇ ਇਹ ਮਾਮਲਾ ਡਿਪਟੀ ਕਮਿਸ਼ਨਰ ਦੇ ਵੀ ਧਿਆਨ ਵਿਚ ਲਿਆਂਦਾ ਗਿਆ ਸੀ ਜਿਥੇ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਸੁਰੱਖਿਆ ਮੁਹਈਆ ਕਰਵਾਉਣ ਦਾ ਭਰੋਸਾ ਦਿਤਾ ਗਿਆ ਸੀ। ਸੂਤਰਾਂ ਅਨੁਸਾਰ ਕਲ 12 ਵਜੇ ਤੋਂ ਲੈ ਕੇ ਰਾਤ 10 ਵਜੇ ਤਕ ਮੰਡੀ 'ਚ ਰੱਖੇ ਗਏ ਇਸਪੈਕਟਰ ਕਰਨ ਬਾਂਸਲ ਨਾਲ ਸੁਰੱਖਿਆ ਮੁਲਾਜ਼ਮ ਵੀ ਮੌਜੂਦ ਸਨ। ਘਟਨਾ ਦਾ ਪਤਾ ਲੱਗਣ ਤੋਂ ਬਾਅਦ ਜ਼ਿਲ੍ਹਾ ਮੈਨੇਜਰ ਅਤੇ ਥਾਣਾ ਬਾਲਿਆਂਵਾਲੀ ਦੇ ਮੁਖੀ ਮੌਕੇ 'ਤੇ ਪੁੱਜੇ ਸਨ। ਪੰਜਾਬ ਵੇਅਰਹਾਊਸ ਦੇ ਸੰਦੀਪ ਕੁਮਾਰ ਨੇ ਪੁਸ਼ਟੀ ਕਰਦਿਆਂ ਦਸਿਆ ਕਿ ਮੰਡੀਆਂ 'ਚ ਕਿਸਾਨਾਂ ਵਲੋਂ ਇਸਪੈਕਟਰਾਂ ਦੇ ਘਿਰਾਉ ਕਾਰਨ ਅੱਜ ਬਾਈਕਾਟ ਦਾ ਫ਼ੈਸਲਾ ਲਿਆ ਗਿਆ ਹੈ। ਉਧਰ, ਕਿਸਾਨਾਂ ਨੇ ਨਮੀ ਦੇ ਨਾਂ 'ਤੇ ਹੋ ਰਹੀ ਕਥਿਤ ਧੱਕੇਸ਼ਾਹੀ ਵਿਰੁਧ ਭਲਕ ਤੋਂ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਮਰਨ ਵਰਤ 'ਤੇ ਬੈਠਣ ਦਾ ਐਲਾਨ ਕਰ ਦਿਤਾ ਹੈ। ਦੋਹਾਂ ਧਿਰਾਂ ਦੇ ਆਹਮੋ-ਸਾਹਮਣੇ ਹੋ ਜਾਣ ਕਾਰਨ ਪਹਿਲਾਂ ਹੀ ਮੱਠੀ ਰਫ਼ਤਾਰ ਨਾਲ ਜ਼ਿਲ੍ਹੇ 'ਚ ਚੱਲ ਰਹੀ ਖ਼ਰੀਦ ਦਾ ਕੰਮ ਰੁਕਣ ਦੇ ਕਿਨਾਰੇ ਪੁੱਜ ਗਿਆ ਹੈ। ਦੂਜੇ ਪਾਸੇ ਝੋਨੇ ਦੀ ਖ਼ਰੀਦ ਨਾ ਹੋਣ ਕਾਰਨ ਕਣਕ ਦੀ ਬੀਜਾਈ ਦਾ ਕੰਮ ਵੀ ਪ੍ਰਭਾਵਤ ਹੋਣ ਲੱਗਾ ਹੈ। ਖ਼ਰੀਦ ਏਜੰਸੀਆਂ ਮੁਤਾਬਕ ਜ਼ਿਲ੍ਹੇ ਦੀਆਂ ਮੰਡੀਆਂ 'ਚ ਹਾਲੇ ਤਕ 2 ਲੱਖ ਮੀਟਰਕ ਟਨ ਤੋਂ ਵੱਧ ਝੋਨਾ ਅਣਵਿਕਿਆ ਪਿਆ ਹੈ ਜਿਸ ਦੀ ਨਮੀ ਜ਼ਿਆਦਾ ਹੋਣ ਕਾਰਨ ਖ਼ਰੀਦ 'ਚ ਸਮੱਸਿਆ ਆ ਰਹੀ ਹੈ। ਖ਼ੁਰਾਕ ਅਧਿਕਾਰੀਆਂ ਮੁਤਾਬਕ ਹੁਣ ਤਕ ਮੰਡੀਆਂ 'ਚ 8 ਲੱਖ 63 ਹਜ਼ਾਰ ਦੇ ਕਰੀਬ ਝੋਨੇ ਦੀ ਖ਼ਰੀਦ ਹੋ ਚੁੱਕੀ ਹੈ ਜਿਸ ਵਿਚੋਂ ਸਾਢੇ ਸੱਤ ਲੱਖ ਮੀਟਰਕ ਟਨ ਦੇ ਕਰੀਬ ਚੁੱਕਿਆ ਵੀ ਜਾ ਚੁੱਕਿਆ ਹੈ। ਸੂਤਰਾਂ ਮੁਤਾਬਕ ਮੰਡੀਆਂ ਵਿਚ ਜਗ੍ਹਾ ਦੀ ਕਮੀ ਹੋਣ ਕਾਰਨ ਹੀ ਨਮੀ ਨੂੰ ਘੱਟ ਕਰਨ ਲਈ ਝੋਨੇ ਨੂੰ ਸੁਕਾਉਣ ਦਾ ਕੰਮ ਵੀ ਨਹੀਂ ਹੋ ਰਿਹਾ।

ਅਕਾਲੀ ਦਲ 1920 'ਚ ਬਣਿਆ ਸੀ ਅਤੇ ਹੁਣ 2020 'ਚ ਖ਼ਤਮ ਹੋ ਜਾਵੇਗਾ : ਭਗਵੰਤ ਮਾਨ

ਕਾਰਨਾਂ ਸਬੰਧੀ ਪੁੱਛਣ 'ਤੇ ਮਾਨ ਨੇ ਕਿਹਾ ਕਿ ਲੋਕਤੰਤਰ ਅੰਦਰ ਸਹਿਮਤੀ ਅਤੇ ਅਸਹਿਮਤੀ ਬਣਦੀ ਰਹਿੰਦੀ ਹੈ। ਅਕਾਲੀ ਦਲ ਬਾਰੇ ਉਨ੍ਹਾਂ ਮਜ਼ਾਕੀਆ ਟਿਪਣੀ ਕਰਦਿਆਂ ਕਿਹਾ ਕਿ ਅਕਾਲੀ ਦਲ 1920 'ਚ ਬਣਿਆ ਸੀ ਅਤੇ ਹੁਣ 2020 'ਚ ਖ਼ਤਮ ਹੋ ਜਾਵੇਗਾ। ਮੀ-ਟੂ ਮੁਹਿੰਮ ਦੇ ਮਾਮਲੇ 'ਚ ਘਿਰੇ ਕਾਂਗਰਸੀ ਮੰਤਰੀ ਚਰਨਜੀਤ ਸਿੰਘ ਚੰਨੀ ਬਾਰੇ ਭਗਵੰਤ ਮਾਨ ਨੇ ਕਿਹਾ ਕਿ ਕਾਨੂੰਨ ਮੁਤਾਬਕ ਚੰਨੀ ਵਿਰੁਧ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ ਪਰ ਸਰਕਾਰ ਕਰਨ ਲਈ ਤਿਆਰ ਨਹੀਂ ਕਿਉਂਕਿ ਕਾਂਗਰਸ ਸਰਕਾਰ ਦਾ ਮੁੱਖ ਮੰਤਰੀ ਕੈਪਟਨ ਤਾਂ ਖ਼ੁਦ ਅਰੂਸਾ ਨੂੰ ਸ਼ਰੇਆਮ ਨਾਲ ਲੈ ਕੇ ਫਿਰਦਾ ਹੈ, ਉਸ ਨੇ ਕੀ ਕਾਰਵਾਈ ਕਰਨੀ ਹੈ। ਇਸ ਮੌਕੇ ਡਾ.ਜਮੀਲ-ਉਰ-ਰਹਿਮਾਨ, ਐਡਵੋਕੇਟ ਗੋਬਿੰਦਰ ਮਿੱਤਲ ਸਮੇਤ ਕਈ ਹੋਰ ਪਾਰਟੀ ਆਗੂ ਵੀ ਹਾਜ਼ਰ ਸਨ।

ਸਿੱਧੂ ਵਲੋਂ ਨੋਟਬੰਦੀ 'ਗਿਣ-ਮਿਥ ਕੇ ਮਾਰੀ ਡਕੈਤੀ' ਕਰਾਰ

ਧਨ ਹੁਣ ਤਕ ਵੀ ਵਾਪਸ ਨਹੀਂ ਆ ਸਕਿਆ। ਸਿੱਧੂ ਨੇ ਕਿਹਾ ਕਿ ਮੋਦੀ ਨੇ ਰਾਤ ਦੇ ਹਨੇਰੇ ਵਿਚ ਨੋਟਬੰਦੀ ਦਾ ਫ਼ੌਰੀ ਲਾਗੂ ਤੁਗਲਕੀ ਫ਼ਰਮਾਨ ਜਾਰੀ ਕੀਤਾ ਸੀ ਜਦਕਿ ਇਸ ਬਾਰੇ ਹੋਰਨਾਂ ਦੇਸ਼ਾਂ ਦੇ ਤਜਰਬੇ ਮੁਤਾਬਕ ਜਨਤਾ ਨੂੰ ਨੋਟ ਬਦਲਵਾਉਣ ਲਈ ਤਿੰਨ ਸਾਲ ਦਾ ਸਮਾਂ ਦਿਤਾ ਜਾਣਾ ਬਣਦਾ ਸੀ। ਸਿੱਧੂ ਨੇ ਕਿਹਾ ਕਿ ਜਦ ਤਕ ਨੀਰਵ ਮੋਦੀ, ਚੋਕਸੀ, ਵਿਜੇ ਮਾਲਿਆ ਜਿਹੇ ਲੋਕਾਂ ਨੂੰ ਨਹੀਂ ਫੜਿਆ ਜਾਵੇਗਾ, ਉਦੋਂ ਤਕ ਇਹ ਕਾਲਾ ਧਨ ਵਾਪਸ ਨਹੀਂ ਆਵੇਗਾ ਤੇ ਦੇਸ਼ ਦੇ ਇਨ੍ਹਾਂ ਵੱਡੇ ਠੱਗਾਂ ਦੇ ਵਕੀਲ ਭਾਜਪਾ ਦੇ ਵੱਡੇ ਨੇਤਾਵਾਂ ਦੇ ਬੱਚੇ ਹਨ। ਸਿੱਧੂ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਨਾਮਵਰ ਅਰਥ ਸ਼ਾਸਤਰੀ ਡਾਕਟਰ ਮਨਮੋਹਨ ਸਿੰਘ ਵਲੋਂ ਨੋਟਬੰਦੀ ਕਾਰਨ ਵਿਕਾਸ ਦਰ ਡਿਗਣ ਬਾਰੇ ਕੀਤੀ ਗਈ ਭਵਿੱਖਬਾਣੀ ਵੀ ਸਹੀ ਸਾਬਿਤ ਹੋ ਚੁਕੀ ਹੋਣ ਦਾ ਹਵਾਲਾ ਦਿਤਾ।

ਝੋਨੇ ਦੀ ਸੁਕਾਈ ਵਜੋਂ ਘੱਟੋ ਘੱਟ ਸਮਰਥਨ ਮੁੱਲ ਦੇ 1 ਤੋਂ 2 ਫ਼ੀ ਸਦੀ ਢਿੱਲ ਦੇਣ ਲਈ ਪਾਸਵਾਨ ਨੂੰ ਪੱਤਰ

ਚੰਡੀਗੜ੍ਹ, 9 ਨਵੰਬਰ (ਸਪੋਕਸਮੈਨ ਸਮਾਚਾਰ ਸੇਵਾ) : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੋਨੇ ਦੇ ਘੱਟੋ-ਘੱਟ ਸਮੱਰਥਨ ਮੁੱਲ ਦੇ 1 ਫ਼ੀ ਸਦੀ ਦੀ ਥਾਂ 2 ਫ਼ੀ ਸਦੀ ਦਰ ਨਾਲ ਸੁਕਾਈ ਦੇਣ ਦੀ ਮੰਗ ਨੂੰ ਲੈ ਕੇ ਖਪਤਕਾਰ ਮਾਮਲਿਆਂ, ਖ਼ੁਰਾਕ ਅਤੇ ਜਨਤਕ ਵੰਡ ਪ੍ਰਣਾਲੀ ਬਾਰੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨੂੰ ਪੱਤਰ ਲਿਖਿਆ ਹੈ ਤਾਕਿ ਝੋਨੇ ਦੀ ਖ਼ਰੀਦ ਦੇ ਰਹਿੰਦੇ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਬਿਨਾਂ ਅੜਚਨ ਅਤੇ ਨਿਰਵਿਘਨ ਖ਼ਰੀਦ ਨੂੰ ਯਕੀਨੀ ਬਣਾਇਆ ਜਾ ਸਕੇ।

ਪਾਸਵਾਨ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਵਢਾਈ ਤੋਂ ਐਨ ਪਹਿਲਾਂ ਅਤਿ-ਅਧਿਕ/ਅਸਧਾਰਨ/ਬੇ-ਮੌਸਮੀ ਮੀਂਹ ਅਤੇ ਗੜੇਮਾਰੀ ਕਾਰਨ ਅਜਿਹੀ ਢਿੱਲ ਮੁਢਲੇ ਰੂਪ ਵਿਚ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਨੇ ਝੋਨੇ ਦੀ ਸਿਲ੍ਹ 'ਤੇ ਬੁਰਾ ਪ੍ਰਭਾਵ ਪਾਇਆ ਹੈ ਅਤੇ ਇਸ ਦੇ ਕਾਰਨ ਮੁਕਾਬਲਤਨ ਜ਼ਿਆਦਾ ਨਮੀ ਹੋਣ ਦੇ ਕਾਰਨ ਝੋਨੇ ਦੀ ਖਰੀਦ ਵਿੱਚ ਸਮੱਸਿਆ ਪੈਦਾ ਹੋਈ ਹੈ।

ਮੁੱਖ ਮੰਤਰੀ ਨੇ ਸ੍ਰੀ ਪਾਸਵਾਨ ਨੂੰ ਅੱਗੇ ਦੱਸਿਆ ਕਿ ਬਹੁਤ ਸਾਰੀਆਂ ਮੰਡੀਆਂ ਵਿੱਚ ਆ ਰਹੇ ਝੋਨੇ 'ਚ ਨਮੀ ਦੀ ਮਾਤਰਾ ਇਸ ਕਰਕੇ ਜ਼ਿਆਦਾ ਹੈ ਕਿਉਂਕਿ ਇਸ ਸਾਲ ਅਸਧਾਰਨ ਮੌਸਮੀ ਹਾਲਤਾਂ ਦੇ ਕਾਰਨ ਤਾਪਮਾਨ ਵਿੱਚ ਕਮੀ ਦੇ ਕਾਰਨ ਅਜਿਹਾ ਹੋਇਆ ਹੈ। ਇਸ ਦੇ ਕਾਰਨ ਮਿਲ੍ਹ ਮਾਲਿਕਾਂ ਅਤੇ ਕਿਸਾਨਾਂ ਵਿੱਚ ਬੇਚੈਨੀ ਪੈਦਾ ਹੋਈ ਹੈ ਜਿਸਦੇ ਨਤੀਜੇ ਵਜੋਂ ਝੋਨੇ ਦੀ ਖਰੀਦ ਦੇ ਅਮਲ ਵਿੱਚ ਰੁਕਾਵਟ ਪੈਦਾ ਹੋਈ।

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਨੂੰ ਦਸਿਆ ਕਿ ਸੂਬੇ ਭਰ ਵਿੱਚ ਵੱਖ ਵੱਖ ਖ਼ਰੀਦ ਏਜੰਸੀਆਂ ਨੇ ਮੌਜੂਦਾ ਸਾਉਣੀ ਦੇ ਮੰਡੀਕਰਨ ਸੀਜ਼ਨ 2018-19 ਦੌਰਾਨ 130 ਲੱਖ ਮੀਟਰਕ ਟਨ ਖ਼ਰੀਦ ਕੀਤੀ ਹੈ। ਉਨ੍ਹਾਂ ਨੇ ਇਸ ਸਬੰਧ ਵਿੱਚ ਜ਼ਰੂਰੀ ਦਿਸ਼ਾ ਨਿਰਦੇਸ਼ ਜਲਦੀ ਤੋਂ ਜਲਦੀ ਜਾਰੀ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਸਾਉਣੀ ਦੇ ਰਹਿੰਦੇ ਸੀਜ਼ਨ ਦੌਰਾਨ ਝੋਨੇ ਦੀ ਖਰੀਦ ਨੂੰ ਨਿਰਵਿਘਨ ਯਕੀਨੀ ਬਣਾਇਆ ਜਾ ਸਕੇ।

ਰੂਸ 'ਚ ਤਾਲੀਬਾਨ ਦੀ ਮੌਜੂਦਗੀ ਵਾਲੀ ਗੱਲਬਾਤ 'ਚ ਭਾਰਤ ਦੀ ਹਿੱਸੇਦਾਰੀ 'ਤੇ ਉਮਰ ਨੇ ਚੁਕਿਆ ਸਵਾਲ

ਸ੍ਰੀਨਗਰ, 9 ਨਵੰਬਰ: ਨੈਸ਼ਨਲ ਕਾਨਫ਼ਰੰਸ ਦੇ ਆਗੂ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਵਾਲ ਕੀਤਾ ਹੈ ਕਿ ਜੇਕਰ ਕੇਂਦਰ ਸਰਕਾਰ ਤਾਲੀਬਾਨ ਦੀ ਹਾਜ਼ਰੀ 'ਚ ਰੂਸ 'ਚ ਅਫ਼ਗਾਨੀਸਤਾਨ ਬਾਰੇ ਹੋਣ ਵਾਲੀ ਗੱਲਬਾਤ 'ਚ ਹਿੱਸਾ ਲੈ ਸਕਦੀ ਹੈ ਤਾਂ ਉਸ ਨੇ ਜੰਮੂ-ਕਸ਼ਮੀਰ ਦੇ ਸਾਰੇ ਹਿਤਧਾਰਕਾਂ ਨਾਲ ਗੱਲਬਾਤ ਸ਼ੁਰੂ ਕਿਉਂ ਨਹੀਂ ਕੀਤੀ? ਉਮਰ ਨੇ ਇਕ ਟਵੀਟ 'ਚ ਕਿਹਾ, "ਮੋਦੀ ਸਰਕਾਰ ਨੂੰ ਜੇਕਰ ਤਾਲੀਬਾਨ ਦੀ ਹਾਜ਼ਰੀ 'ਚ ਹੋਣ ਵਾਲੀ ਗੱਲਬਾਤ 'ਚ 'ਗ਼ੈਰ-ਅਧਿਕਾਰਕ' ਹਿੱਸੇਦਾਰੀ ਮਨਜ਼ੂਰ ਹੈ ਤਾਂ ਜੰਮੂ-ਕਸ਼ਮੀਰ 'ਚ ਗ਼ੈਰ-ਮੁੱਖਧਾਰਾ ਦੇ ਹਿਤਧਾਰਕਾਂ ਨਾਲ 'ਗ਼ੈਰ-ਅਧਿਕਾਰਕ' ਗੱਲਬਾਤ ਕਿਉਂ ਨਹੀਂ?

ਜੰਮੂ-ਕਸ਼ਮੀਰ ਦੀ ਘੱਟ ਹੋ ਰਹੀ ਖ਼ੁਦਮੁਖ਼ਤਿਆਰੀ ਅਤੇ ਇਸ ਦੀ ਬਹਾਲੀ ਦੇ ਇਰਦ-ਗਿਰਦ ਕੇਂਦਰਿਤ 'ਗ਼ੈਰ-ਅਧਿਕਾਰਤ' ਗੱਲਬਾਤ ਕਿਉਂ ਨਹੀਂ?" ਉਧਰ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਮਾਸਕੋ 'ਚ ਹੋਣ ਵਾਲੀ 'ਗ਼ੈਰ-ਅਧਿਕਾਰਕ' ਹੈਸੀਅਤ ਨਾਲ ਅਫ਼ਗਾਨਿਸਤਾਨ ਬਾਰੇ ਬਹੁਪੱਖੀ ਸੰਮੇਲਨ 'ਚ ਉਸ ਦਾ ਹਿੱਸਾ ਲੈਣਾ ਉਸ ਦੀ ਅਫ਼ਗਾਨ ਨੀਤੀ ਅਨੁਸਾਰ ਹੈ।

SBI ਸਟੇਟ ਬੈਂਕ ਆਫ਼ ਇੰਡੀਆ

ਰੀਟੇਲ ਐਸਟਸ ਸੈਂਟਰਲ ਪ੍ਰੋਸੈਸਿੰਗ ਸੈਂਟਰ, ਪਹਿਲੀ ਮੰਜ਼ਿਲ, ਮੇਨ ਬਰਾਂਚ ਬਿਲਡਿੰਗ, ਫੁਹਾਰਾ ਚੌਕ, ਸਿਵਲ ਲਾਈਨਜ਼, ਲੁਧਿਆਣਾ-141001, ਫੋਨ : 0161-4564245, 4564222.
ਫੈਕਸ : 0161-2404879

[ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਸਟੇਟ ਬੈਂਕ ਆਫ਼ ਇੰਡੀਆ ਦੇ ਨਿਮਨ ਹਸਤਾਖਰੀ ਅਧਿਕਾਰਤ ਅਫ਼ਸਰ ਦੁਆਰਾ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਇਨੈਂਸ਼ਿਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 (ਨੰ. 3 ਆਫ਼ 2002) ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਮਿਤੀ 18.01.2018 ਨੂੰ ਕਰਜ਼ਦਾਰਾਂ ਅਤੇ ਗਰੰਟਰਾਂ ਸ੍ਰੀ ਕਰਨ ਮਲਹੋਤਰਾ ਪੁੱਤਰ ਸ੍ਰੀ ਐਸ.ਆਰ. ਮਲਹੋਤਰਾ, ਪਲਾਟ ਨੰ. 669, ਗਲੀ ਨੰ.3, ਨੇੜੇ ਕਾਕਾ ਕੌਂਸਲਰ, ਪ੍ਰੀਤ ਨਗਰ, ਢੰਡਰੀ, ਲੁਧਿਆਣਾ ਨੂੰ ਨੋਟਿਸ ਵਿਚ ਦਰਸਾਈ ਰਕਮ ਰੁ. 731280/- (ਸੱਤ ਲੱਖ ਇਕੱਤੀ ਹਜ਼ਾਰ ਦੋ ਸੌ ਅੱਸੀ ਰੁ. ਸਿਰਫ਼) ਸਮੇਤ ਲਾਗੂ ਵਿਆਜ 17.01.2018 ਤੱਕ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਅੰਦਰ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਅਤੇ ਗਰੰਟਰ ਬਕਾਇਆ ਰਕਮ ਵਾਪਸ ਕਰਨ 'ਚ ਅਸਫ਼ਲ ਰਹੇ, ਇਸ ਲਈ ਇਸ ਨੋਟਿਸ ਰਾਹੀਂ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਉਪਰੋਕਤ ਰੂਲਜ਼ ਦੇ ਰੂਲ 8 ਤੇ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ 05 ਨਵੰਬਰ 2018 ਨੂੰ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ ਤੇ ਗਰੰਟਰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਕੋਈ ਸੌਦਾ ਨਾ ਕੀਤਾ ਜਾਵੇ। ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਰਕਮ ਰੁ. 7,31,280/- (ਸੱਤ ਲੱਖ ਇਕੱਤੀ ਹਜ਼ਾਰ ਦੋ ਸੌ ਅੱਸੀ ਰੁ. ਸਿਰਫ਼) ਸਮੇਤ ਲਾਗੂ ਵਿਆਜ 17.01.2018 ਤੱਕ ਸਮੇਤ ਭਵਿੱਖੀ ਵਿਆਜ ਅਤੇ ਇਸ ਤੇ ਹੋਰ ਖਰਚੇ, ਲਾਗਤਾਂ ਆਦਿ ਦੀ ਵਸੂਲੀ ਲਈ **ਸਟੇਟ ਬੈਂਕ ਆਫ਼ ਇੰਡੀਆ, ਰੀਟੇਲ ਐਸਟਸ ਸੈਂਟਰਲ ਪ੍ਰੋਸੈਸਿੰਗ ਸੈਂਟਰ, ਪਹਿਲੀ ਮੰਜ਼ਿਲ, ਮੇਨ ਬਰਾਂਚ ਬਿਲਡਿੰਗ, ਫੁਹਾਰਾ ਚੌਕ, ਸਿਵਲ ਲਾਈਨਜ਼, ਲੁਧਿਆਣਾ ਕੋਲ ਹੈ।**

ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸੁਰੱਖਿਅਤ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਅਚੱਲ ਜਾਇਦਾਦ ਦਾ ਵੇਰਵਾ

ਇਕੁਇਟੇਬਲ ਮੋਰਟਗੇਜ ਰਿਹਾਇਸ਼ੀ ਜਾਇਦਾਦ/ਪਲਾਟ/ਮਕਾਨ ਦੇ ਸਾਰੇ ਹਿੱਸੇ ਮਿਣਤੀ 150 ਵ. ਗਜ਼, ਖਸਰਾ ਨੰ. 355, ਖਾਤਾ ਨੰ. 199/230, ਜਮਾਂਬੰਦੀ ਸਾਲ 2000-2001, ਸਥਿਤ ਹੈ ਪਿੰਡ ਢੰਡਰੀ, ਹੈਦਬਸਤ ਨੰ. 277, ਅਬਾਦੀ ਪ੍ਰੀਤ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਖੇ ਅਤੇ ਹੱਦਾਂ ਹੇਠ ਲਿਖੇ ਅਨੁਸਾਰ : ਪੂਰਬ : ਪ੍ਰਿਸ ਵਰਮਾ 60', ਪੱਛਮ : ਗੁਰਮੀਤ ਸਿੰਘ 60', ਉੱਤਰ : ਗੁਆਂਢੀ 22'-5", ਦੱਖਣ : ਰੋਡ 20' ਚੌੜਾ 22'-5" ਸੇਲ ਡੀਡ ਵਸੀਕਾ ਨੰ. 5041 ਮਿਤੀ 31.5.2007 ਅਨੁਸਾਰ ਸਾਂਝੇ ਤੌਰ 'ਤੇ ਨਾਂ ਹੈ ਸ੍ਰੀ ਅਰੁਨ ਕੁਮਾਰ ਮਲਹੋਤਰਾ ਅਤੇ ਸ੍ਰੀ ਕਰਨ ਮਲਹੋਤਰਾ ਪੁੱਤਰਾਨ ਸ੍ਰੀ ਸ੍ਰੀ ਰਾਮ ਮਲਹੋਤਰਾ ਦੇ।

ਮਿਤੀ : 10.11.2018 ਸਥਾਨ : ਲੁਧਿਆਣਾ ਅਧਿਕਾਰਤ ਅਫ਼ਸਰ

ਪੰਜਾਬ ਸਰਕਾਰ

ਆਨਲਾਈਨ ਬੋਲੀ ਸੌਦਾ ਸੂਚਨਾ ਬੋਲੀ ਨੰ: 20 ਮਿਤੀ 9-11-2018

ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਚੰਡੀਗੜ੍ਹ, ਕਾਰਜਕਾਰੀ ਇੰਜੀਨੀਅਰ ਪ੍ਰਕਾਸ਼ ਮੰਡਲ, ਸੰਗਰੂਰ ਵਲੋਂ ਹੇਠ ਦਰਸਾਏ ਵੇਰਵੇ ਅਨੁਸਾਰ ਕੰਮਾਂ ਨੂੰ ਕਰਨ ਲਈ ਪਾਤਰ ਬੋਲੀਕਾਰਾਂ ਤੋਂ ਟੈਂਡਰ ਸੱਦੇ ਜਾਂਦੇ ਹਨ।

ਲੜੀ ਨੰ.	ਪ੍ਰਾਜੈਕਟ/ਕੰਮ ਦਾ ਨਾਂ	ਬੋਲੀ ਸੁਰੱਖਿਆ/ਬਿਆਨਾ ਰਕਮ (ਰੁ: ਲੱਖਾਂ 'ਚ)	ਸਮਾਂ ਸੀਮਾ	ਪ੍ਰਾਜੈਕਟ/ਕੰਮ ਦੀ ਅੰਦਾਜ਼ਨ ਲਾਗਤ (ਰੁ: ਲੱਖਾਂ 'ਚ)
1	[illegible] 5 ਐਮ.ਐਲ.ਡੀ. ਐਸ.ਟੀ.ਪੀ. [illegible]	6.00	12 ਮਹੀਨੇ	ਉੱਕਾ ਪੁੱਕਾ
2	ਉਹੀ - 3 ਐਮ.ਐਲ.ਡੀ.ਐਸ.ਟੀ.ਪੀ.ਔਨ [illegible]	9.00	12 ਮਹੀਨੇ	ਉੱਕਾ ਪੁੱਕਾ
3	ਉਹੀ - 3 ਐਮ.ਐਲ.ਡੀ.ਐਸ.ਟੀ.ਪੀ.ਔਨ ਭਦੌੜ	9.00	12 ਮਹੀਨੇ	ਉੱਕਾ ਪੁੱਕਾ
4	ਉਹੀ - 3 ਐਮ.ਐਲ.ਡੀ. ਐਸ.ਟੀ.ਪੀ. ਔਨ [illegible]	9.00	12 ਮਹੀਨੇ	ਉੱਕਾ ਪੁੱਕਾ
5	ਉਹੀ - 2 ਐਮ.ਐਲ.ਡੀ. ਐਸ. ਟੀ.ਪੀ.ਔਨ [illegible]	7.00	12 ਮਹੀਨੇ	ਉੱਕਾ ਪੁੱਕਾ
6	ਉਹੀ- 2 ਐਮ.ਐਲ.ਡੀ. ਐਸ. ਟੀ.ਪੀ. ਔਨ [illegible]	7.00	12 ਮਹੀਨੇ	ਉੱਕਾ ਪੁੱਕਾ

ੳ) ਪ੍ਰੀ ਬਿਡ ਮੀਟਿੰਗ : 22.11.18 ਸਵੇਰੇ 11.00 ਵਜੇ
ਨਿਗਰਾਨ ਇੰਜੀਨੀਅਰ,
ਪੰਜਾਬ ਵ.ਸ.ਅਤੇ ਸੀਵਰੇਜ ਹਲਕਾ,
ਪਟਿਆਲਾ ਭਾਰਾ ਪੁਰ, ਪਟਿਆਲਾ

ਅ) ਆਨਲਾਈਨ ਬਿਡ ਪਾਉਣ ਲਈ ਆਖਰੀ ਮਿਤੀ ਅਤੇ ਸਮਾਂ : ਅੱਜ ਨੂੰ 4-12-2018, 5.00 ਸ਼ਾਮ

ਵਿਸਤ੍ਰਿਤ ਸ਼ਰਤਾਂ ਅਤੇ ਪਤੀਬੰਧਾਂ ਲਈ ਸਾਡੀ ਵੈਬਸਾਈਟ www.eproc.punjab.gov.in ਜੇਕਰ ਕੋਈ ਸੋਧ ਪਿਰ ਹੁੰਦਾ ਹੈ ਤਾਂ ਵੈਬਸਾਈਟ 'ਤੇ ਪਾ ਦਿੱਤਾ ਜਾਵੇਗਾ।

ਅਸ਼ਵਨੀ ਕੁਮਾਰ, ਕਾਰਜਕਾਰੀ ਇੰਜੀਨੀਅਰ
D - 2934 ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਡਵੀਜ਼ਨ, ਸੰਗਰੂਰ

ਪੰਜਾਬ ਸਰਕਾਰ
ਪੀਡਬਲਿਊਡੀ ਬੀ ਐਂਡ ਆਰ ਬਰਾਂਚ
ਆਨਲਾਈਨ ਬੋਲੀਆਂ ਲਈ ਸੱਦਾ ਸੂਚਨਾ

ਟੈਂਡਰ ਨੋਟਿਸ ਨੰ. 45, ਮਿਤੀ : 09.11.2018

ਕਾਰਜਕਾਰੀ ਇੰਜੀਨੀਅਰ, ਸੂਬਾਈ ਡਵੀਜ਼ਨ ਨੰ. 2, ਪੀਡਬਲਿਊਡੀ ਪੀਡਬਲਿਊਡੀ, ਬੀ ਐਂਡ ਆਰ ਬਰਾਂਚ ਪਟਿਆਲਾ ਮਾਰਕੀਟ ਕਮੇਟੀ ਰਾਜਪੁਰਾ ਵਿਚ ਪੀਆਰਡੀਬੀ ਅਧੀਨ ਰਕਮ ਰੁ. 273.32 ਲੱਖ ਦੀ ਰਕਮ ਨਾਲ ਲਿੰਕ ਰੋਡ ਸਰਾਏ ਬੰਜਾਰਾ ਤੋਂ ਨੈਨਾ-ਉਗਾਨੀ-ਹਰਿਆਓ-ਉਪਲਹੇੜੀ ਤੱਕ ਜੀ ਟੀ ਰੋਡ (ਐਨਐਚ-44) (10' ਤੋਂ 18" ਚੌੜੀ) ਦੀ ਮਜ਼ਬੂਤੀ ਅਤੇ ਚੌੜਾ ਕਰਨ ਲਈ ਯੋਗ ਬੋਲੀਕਾਰਾਂ ਤੋਂ ਈਬੋਲੀ ਮੰਗੀਆਂ ਜਾਂਦੀਆਂ ਹਨ। ਹੋਰ ਵੇਰਵਿਆਂ ਲਈ ਵੈਬਸਾਈਟ http://eproc.punjab.gov.in ਦਾ ਹਵਾਲਾ ਲਓ।

* ਸੋਧ ਜੇ ਕੋਈ ਹੋਵੇਗੀ, ਸਿਰਫ਼ ਵੈਬਸਾਈਟ ਤੇ ਜਾਰੀ ਕੀਤੀ ਜਾਵੇਗੀ।

(ਇੰਜੀ. ਮਨਪ੍ਰੀਤ ਸਿੰਘ ਦੂਆ)
ਕਾਰਜਕਾਰੀ ਇੰਜੀਨੀਅਰ
ਸੂਬਾਈ ਡਵੀਜ਼ਨ ਨੰ. 2, ਪੀਡਬਲਿਊਡੀ ਬੀ ਐਂਡ ਆਰ ਬਰਾਂਚ, ਪਟਿਆਲਾ
D-2939 ਮੋ. ਨੰ. 99886-00128

ਕੋਰੀਜੰਡਮ

ਇਸ ਦਫ਼ਤਰ ਵੱਲੋਂ ਮਿਤੀ 4-5-2018 ਨੂੰ ਇਕ ਨੋਟਿਸ DPR/04 Oct. 18/ D-2551 ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਹੋਏ ਹੁਕਮਾਂ ਦੀ ਪਾਲਣਾ ਹਿੱਤ ਪਿੰਡ 1) ਬਰਦਾਰ, 2) ਬੱਧੀ, 3) ਹਰੀਪੁਰ, 4) ਕਕੋਟ, 5) ਮਾਜਰੀ, 6) ਹਿਰਦਾਪੁਰ, 7) ਬਸੀ, 8) ਨੌਗੋਪੁਰ, 9) ਝੰਡੀਆਂ, 10) ਭੰਗਾਲਾ, 11) ਫਤੇਪੁਰ, 12) ਸਨਾਣਾ ਦੇ ਤੋਂ ਮਾਲਕਾਂ ਨੂੰ ਮੁਆਵਜ਼ੇ ਸਬੰਧੀ ਕਲੇਮ ਪੇਸ਼ ਕਰਨ ਲਈ ਪਤਾ ਹੇਠ ਅਨੁਸਾਰ ਦਰਸਾਇਆ ਗਿਆ ਸੀ:-
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਦਫ਼ਤਰ ਵਣ ਮੰਡਲ ਅਫ਼ਸਰ (ਕੰਟਰੋਲ ਰੋਡ) ਰੂਪਨਗਰ।
ਈ-ਮੇਲ- dforupnagar@gmail.com
ਇਸ ਕੋਰੀਜੰਡਮ ਰਾਹੀਂ ਉਕਤ ਪਤੇ ਵਿਚ ਸੋਧ ਕੀਤੀ ਗਈ ਹੈ। ਹੁਣ ਮੁਆਵਜ਼ੇ ਸਬੰਧੀ ਕਲੇਮਜ਼ ਹੇਠ ਲਿਖੇ ਪਤੇ ਤੇ ਹੀ ਦਿੱਤੇ ਜਾਣ:-
ਡੀ.ਆਰ.ਏ. ਸ਼ਾਖਾ (ਕਮਰਾ ਨੰਬਰ 231), ਦਫ਼ਤਰ ਡਿਪਟੀ ਕਮਿਸ਼ਨਰ, ਰੂਪਨਗਰ।
ਈਮੇਲ-dra.dcropar@gmail.com

ਡਿਪਟੀ ਕਮਿਸ਼ਨਰ,
D-2943 ਰੂਪਨਗਰ।

ਪੰਜਾਬ ਸਰਕਾਰ
ਭਾਖੜਾ ਮੇਨ ਲਾਈਨ ਡਵੀਜ਼ਨ ਪਟਿਆਲਾ
ਟੈਂਡਰ ਸੱਦਾ ਸੂਚਨਾ

ਟੈਂਡਰ ਨੋਟਿਸ ਨੰ. 09, ਮਿਤੀ : 09.11.2018

ਕੰਮ ਮੰਗਣ ਵਾਲਾ ਵਿਭਾਗ	ਭਾਖੜਾ ਮੇਨ ਲਾਈਨ ਡਵੀਜ਼ਨ, ਪਟਿਆਲਾ
ਕੰਮ ਦਾ ਸੰਖੇਪ ਵੇਰਵਾ	ਘੱਗਰ ਕੈਨਾਲ 'ਤੇ 6 ਵਾਲਜ਼, 10 ਪੁਲ ਅਤੇ 3 ਕਰਾਸ ਰੈਗੂਲੇਟਰ ਕਮ ਫਾਲ ਅਤੇ ਹੈਡ ਰੈਗੂਲੇਟਰ (19 ਕੰਮ)
ਕੰਮ ਦੀ ਲਾਗਤ	ਡੀਐਨਆਈਟੀ ਅਨੁਸਾਰ ਬਦਲਵੀਂ ਲਾਗਤ
ਬਿਆਨਾ ਰਕਮ	ਡੀਐਨਆਈਟੀ ਅਨੁਸਾਰ ਬਦਲਵੀਂ
ਟੈਕਨੀਕਲ ਬੋਲੀ ਖੋਲ੍ਹਣ ਦੀ ਮਿਤੀ	: 20.11.2018 ਨੂੰ ਸਵੇਰੇ 10.00 ਵਜੇ
ਵਿੱਤੀ ਬੋਲੀ ਖੋਲ੍ਹਣ ਦੀ ਮਿਤੀ	: ਪਿੱਛੋਂ ਦੱਸੀ ਜਾਵੇਗੀ।

ਟੈਂਡਰ ਸੱਦਾ ਸੂਚਨਾ ਦੇ ਨਿਯਮ ਅਤੇ ਸ਼ਰਤਾਂ ਦੇ ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ http://eproc.punjab.gov.in ਵੇਖੋ।

* ਸੋਧ ਜੇ ਕੋਈ ਹੋਵੇਗੀ, ਸਿਰਫ਼ ਵੈਬਸਾਈਟ ਤੇ ਜਾਰੀ ਕੀਤੀ ਜਾਵੇਗੀ।

ਕਾਰਜਕਾਰੀ ਇੰਜੀਨੀਅਰ
ਭਾਖੜਾ ਮੇਨ ਲਾਈਨ ਡਵੀਜ਼ਨ
D-2945 ਪਟਿਆਲਾ।

ਦਫ਼ਤਰ ਨਗਰ ਕੌਂਸਲ, ਬੁਢਲਾਡਾ ਜ਼ਿਲ੍ਹਾ ਮਾਨਸਾ

ਨੰ............ ਮਿਤੀ

(ਈ- ਟੈਂਡਰ ਨੋਟਿਸ)

ਨਗਰ ਕੌਂਸਲ, ਬੁਢਲਾਡਾ ਵੱਲੋਂ ਸੀਵਰ ਸਪਲਾਈ ਤੇ ਵੱਖ-ਵੱਖ ਵਿਕਾਸ ਕੰਮਾਂ ਲਈ ਕੁੱਲ 105.10 ਲੱਖ ਰੁਪਏ ਦੀ ਰਾਸ਼ੀ ਦੇ ਟੈਂਡਰ ਨਿਮਨ ਦਰਜ ਸ਼ਡਿਊਲ ਅਨੁਸਾਰ ਲਗਾਏ ਜਾਂਦੇ ਹਨ। ਇਨ੍ਹਾਂ ਟੈਂਡਰਾਂ ਦੀ ਜਾਣਕਾਰੀ ਆਨਲਾਈਨ ਵੈੱਬਸਾਈਟ http://eproc.punjab.gov.in ਤੇ ਉਪਲੱਬਧ ਹੋਵੇਗੀ ਅਤੇ ਵਿਸ਼ੇਸ਼ ਸ਼ਰਤਾਂ ਅਤੇ [illegible] ਕਿਸੇ ਵੀ ਕੰਮ-ਕਾਜੀ ਵਾਲੇ ਦਿਨ ਦਫ਼ਤਰ ਨਗਰ ਕੌਂਸਲ ਵਿਖੇ ਦੇਖ ਸਕਦੇ ਹਨ। ਪ੍ਰਧਾਨ/ਕਾਰਜ ਸਾਧਕ ਅਫ਼ਸਰ ਬਿਨ੍ਹਾਂ ਕਾਰਨ ਦੱਸੇ ਟੈਂਡਰ ਰੱਦ ਕਰ ਸਕਦੇ ਹਨ।

ਸ਼ਡਿਊਲ:-

ਲੜੀ ਨੰ.	ਬੋਲੀ ਦਸਤਾਵੇਜ਼ ਆਨਲਾਈਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਅਤੇ ਸਮਾਂ	ਤਕਨੀਕੀ ਬੋਲੀ ਦਸਤਾਵੇਜ਼ ਖੁੱਲਣ ਦੀ ਮਿਤੀ ਅਤੇ ਸਮਾਂ	ਵਿੱਤੀ ਬੋਲੀ ਦਸਤਾਵੇਜ਼ ਖੁੱਲਣ ਦੀ ਮਿਤੀ ਅਤੇ ਸਮਾਂ
1	28/11/2018 ਦੁਪਹਿਰ 2.00 ਵਜੇ	29/11/2018 ਸ਼ਾਮ 4.00 ਵਜੇ	30/11/2018, ਸਵੇਰੇ 11.00 ਵਜੇ

ਨੋਟ:- ਜੇਕਰ ਕੋਈ ਕੋਰੀਜੰਡਮ ਹੋਇਆ ਤਾਂ ਵੈਬਸਾਈਟ ਤੇ ਅਪਲੋਡ ਕਰ ਦਿੱਤਾ ਜਾਵੇਗਾ।

ਸਹੀ/- ਸਹੀ/-
ਪ੍ਰਧਾਨ ਕਾਰਜ ਸਾਧਕ ਅਫ਼ਸਰ, ਮਿਊ. ਇੰਜੀਨੀਅਰ,
ਨਗਰ ਕੌਂਸਲ, ਬੁਢਲਾਡਾ। ਨਗਰ ਕੌਂਸਲ, ਬੁਢਲਾਡਾ। D-2842 ਨਗਰ ਕੌਂਸਲ, ਬੁਢਲਾਡਾ।

ਦਫ਼ਤਰ ਨਗਰ ਕੌਂਸਲ ਮੋਰਿੰਡਾ, ਜ਼ਿਲ੍ਹਾ ਰੂਪਨਗਰ

ਪੱਤਰ ਨੰ: 2018/1160 ਮਿਤੀ : 5/11/18

ਖੁੱਲ੍ਹੀ ਬੋਲੀ ਸੂਚਨਾ

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਮੋਰਿੰਡਾ ਵਲੋਂ ਇਕ ਸਾਲ ਲਈ ਬੱਸ ਅੱਡਾ ਫੀਸ ਕੁਲੈਕਸ਼ਨ ਅਤੇ ਬੱਸ ਸਟੈਂਡ ਵਿਚ ਸਥਿਤ ਸਾਇਕਲ ਸਟੈਂਡ ਅਤੇ ਮੁਰਦਾ ਜਾਨਵਰਾਂ ਦਾ ਠੇਕਾ ਮਿਤੀ 20-11-2018 ਤੋਂ ਮਿਤੀ 19-11-2019 ਤੱਕ ਠੇਕੇ ਦੇਣੇ ਹਨ। ਇਸ ਲਈ ਕੋਈ ਵੀ ਚਾਹਵਾਨ ਸੱਜਣ ਜੋ ਇਸ ਠੇਕੇ ਨੂੰ ਲੈਣਾ ਚਾਹੁੰਦਾ ਹੋਵੇ, ਉਹ ਮਿਤੀ 16-11-2018 ਨੂੰ ਬੋਲੀ ਵਿਚ ਸ਼ਾਮਲ ਹੋ ਕੇ ਠੇਕੇ ਲੈ ਸਕਦੇ ਹਨ। ਇਸ ਠੇਕੇ ਸਬੰਧੀ ਜੇਕਰ ਕੋਈ ਸ਼ਰਤਾਂ ਸਬੰਧੀ ਜਾਂ ਕੋਈ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਉਹ ਮਿਤੀ 16-11-2018 ਜਾਂ ਉਸ ਤੋਂ ਪਹਿਲਾਂ ਕਿਸੇ ਕੰਮਕਾਰ ਵਾਲੇ ਦਿਨ ਨਗਰ ਕੌਂਸਲ ਦੇ ਦਫਤਰ ਨਗਰ ਕੌਂਸਲ ਮੋਰਿੰਡਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਠੇਕੇ ਦੀ ਰਿਜ਼ਰਵ ਕੀਮਤ ਮੌਕੇ 'ਤੇ ਦੱਸੀ ਜਾਵੇਗੀ। ਜੇਕਰ ਬੋਲੀ ਵਾਲੇ ਦਿਨ ਕੋਈ ਛੁੱਟੀ ਹੋ ਜਾਂਦੀ ਹੈ ਤਾਂ ਬੋਲੀ ਅਗਲੇ ਕੰਮ ਕਾਰ ਵਾਲੇ ਦਿਨ ਉਸੇ ਸਮੇਂ 'ਤੇ ਕਰਵਾਈ ਜਾਵੇਗੀ।

ਲੜੀ ਨੰ:	ਜਿਸ ਦਾ ਠੇਕਾ ਦਿੱਤਾ ਜਾਣਾ ਹੈ	ਅਮਾਨਤੀ ਰਕਮ	ਬੋਲੀ ਦਾ ਸਮਾਂ
1	ਬੱਸ ਅੱਡਾ ਫੀਸ ਕੁਲੈਕਸ਼ਨ	2,00,000/-	11.00 ਵਜੇ
2	ਬੱਸ ਸਟੈਂਡ ਵਿਚ ਸਥਿਤ ਸਾਇਕਲ ਸਟੈਂਡ ਦਾ ਠੇਕਾ	50,000/-	11.30 ਵਜੇ
3	ਮੁਰਦਾ ਜਾਨਵਰ ਚੁੱਕਣ ਦਾ ਠੇਕਾ	20,000/-	12.00 ਵਜੇ

ਪ੍ਰਧਾਨ ਕਾਰਜ ਸਾਧਕ ਅਫ਼ਸਰ
ਨਗਰ ਕੌਂਸਲ ਮੋਰਿੰਡਾ D - 2931 ਨਗਰ ਕੌਂਸਲ ਮੋਰਿੰਡਾ

ਨੋਟਿਸ

ਝੋਨੇ ਦੀ ਪਰਾਲੀ ਨੂੰ ਸੰਭਾਲਣ ਵਾਲੀ ਖੇਤੀ ਮਸ਼ੀਨਰੀ ਦੀ ਖਰੀਦ ਕਰਨ ਵਾਲੇ ਕਿਸਾਨ ਭਰਾਵਾਂ ਅਤੇ ਗਰੁੱਪਾਂ ਲਈ ਜਰੂਰੀ ਸੂਚਨਾ।

ਸਮੂਹ ਕਿਸਾਨ ਭਰਾਵਾਂ ਅਤੇ ਕਿਸਾਨ ਗਰੁੱਪਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ। ਕਿ ਜਿਨ੍ਹਾਂ ਕਿਸਾਨਾਂ ਦੀਆਂ ਅਰਜ਼ੀਆਂ ਵਿਭਾਗ ਵੱਲੋਂ ਪਹਿਲੇ ਗੇੜ ਅਤੇ ਦੂਜੇ ਗੇੜ ਵਿੱਚ ਪ੍ਰਵਾਨ ਕਰ ਦਿੱਤੀਆਂ ਗਈਆਂ ਸਨ, ਉਨ੍ਹਾਂ ਲਈ ਮਸ਼ੀਨਾਂ ਦੇ ਬਿੱਲਾਂ ਅਤੇ ਮਸ਼ੀਨਾਂ ਦੀ ਵੈਰੀਫਿਕੇਸ਼ਨ ਲਈ ਪੇਸ਼ ਕਰਨ ਬਾਰੇ ਆਖਰੀ ਮੌਕਾ 7 ਨਵੰਬਰ 2018 ਤੱਕ ਦਿੱਤਾ ਗਿਆ ਸੀ, ਪਰੰਤੂ ਤਿਓਹਾਰ ਦੀਆਂ ਛੁੱਟੀਆਂ ਹੋਣ ਕਾਰਨ ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਮਿਤੀ ਵਿੱਚ ਵਾਧਾ ਕਰਕੇ 15 ਨਵੰਬਰ 2018 ਤੱਕ ਕੀਤੀ ਜਾਂਦੀ ਹੈ।

ਇਹ ਵੀ ਸਲਾਹ ਦਿੱਤੀ ਜਾਂਦੀ ਹੈ। ਕਿ ਜੇਕਰ ਉਨ੍ਹਾਂ ਵੱਲੋਂ ਮਸ਼ੀਨਾਂ ਦੀ ਖਰੀਦ ਬਾਬਤ ਬਿੱਲ ਅਤੇ ਮਸ਼ੀਨਾਂ ਵੈਰੀਫਿਕੇਸ਼ਨ ਲਈ ਨਾ ਪੇਸ਼ ਕੀਤੀਆਂ ਤਾਂ ਸਬਸਿਡੀ ਜਾਰੀ ਕਰਨ ਵਿੱਚ ਮੁਸ਼ਕਿਲ ਆ ਸਕਦੀ ਹੈ। ਅਤੇ ਇਸ ਤੋਂ ਇਲਾਵਾ ਜਿਨ੍ਹਾਂ ਕਿਸਾਨਾਂ ਅਤੇ ਕਿਸਾਨ ਗਰੁੱਪਾਂ ਨੂੰ ਮਸ਼ੀਨਰੀ ਬਾਬਤ ਸਬਸਿਡੀ ਦਿੱਤੀ ਜਾ ਰਹੀ ਹੈ, ਉਹ ਆਪਣੇ ਖੇਤਾਂ ਵਿੱਚ ਅੱਗ ਨਹੀਂ ਲਗਾਉਣਗੇ।

ਜਾਰੀ ਕਰਤਾ:-
ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ
ਅਤੇ ਮਿਸ਼ਨ ਤੰਦਰੁਸਤ ਪੰਜਾਬ।

ਦਫ਼ਤਰ ਨਗਰ ਕੌਂਸਲ ਰੂਪਨਗਰ

ਈ ਟੈਂਡਰਜ਼ ਮੰਗਣ ਟੈਂਡਰ ਨੋਟਿਸ

ਐਨ.ਆਈ.ਟੀ. ਨੰ:2899 ਈ ਟੈਂਡਰ/ਐਮ.ਸੀ. ਰੂਪਨਗਰ ਮਿਤੀ:6.11.2018

ਨਗਰ ਕੌਂਸਲ ਰੂਪਨਗਰ ਵਲ ਲਾਗਤਾਂ 19.50 ਲੱਖ ਰੁਪਏ ਦੇ ਕੰਮਾਂ [illegible] ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ। ਇਨ੍ਹਾਂ ਦਾ ਵੇਰਵਾ ਟੈਂਡਰਾਂ ਸਬੰਧੀ ਸ਼ਰਤਾਂ ਅਤੇ ਭਵਿੱਖ ਵਿਚ ਕੋਈ ਵੀ ਕੋਰੀਜੰਡਮ ਵੈਬਸਾਈਟ http://eproc.punjab.gov.in ਤੇ ਦੇਖਿਆ ਜਾ ਸਕਦਾ ਹੈ। [illegible]
ਮਿਤੀ ਅਤੇ ਸਮਾਂ ਸ਼ਡਿਊਲ

ਆਨਲਾਈਨ ਟੈਂਡਰ ਭਰਨ ਦੀ ਅੰਤਿਮ ਮਿਤੀ ਅਤੇ ਸਮਾਂ	ਟੈਕਨੀਕਲ ਬਿਡ ਖੁੱਲਣ ਦੀ ਮਿਤੀ ਅਤੇ ਸਮਾਂ	ਫਾਈਨੈਂਸ਼ਲ ਬਿਡ ਖੁੱਲਣ ਦੀ ਮਿਤੀ ਅਤੇ ਸਮਾਂ
21-11-2018 ਸ਼ਾਮ 4.00 ਵਜੇ	22.11.2018 ਸਵੇਰੇ 11.00 ਵਜੇ	22.11.2018 ਦੁਪਹਿਰ 02.00 ਵਜੇ

ਸਹੀ/- ਸਹੀ/-
ਪ੍ਰਧਾਨ ਕਾਰਜ ਸਾਧਕ ਅਫ਼ਸਰ, ਸਹਾਇਕ ਮਿਊਂਸਪਲ ਇੰਜੀਨੀਅਰ,
ਨਗਰ ਕੌਂਸਲ, ਰੂਪਨਗਰ। ਨਗਰ ਕੌਂਸਲ, ਰੂਪਨਗਰ। D-3190 ਨਗਰ ਕੌਂਸਲ, ਰੂਪਨਗਰ।

ਮਿਊਂਸਪਲ ਕਾਰਪੋਰੇਸ਼ਨ ਚੰਡੀਗੜ੍ਹ
ਟੈਂਡਰ ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਦਸਤਾਵੇਜ਼ ਦੀ ਵਿਕਰੀ (ਆਨਲਾਈਨ)	ਟੈਕਨੀਕਲ ਬੋਲੀ ਖੋਲ੍ਹਣਾ (ਆਨਲਾਈਨ)
1.	ਕਮਿਊਨਿਟੀ ਸੈਂਟਰ ਸੈਕਟਰ 43, ਚੰਡੀਗੜ੍ਹ ਵਿਚ ਫਰਨੀਚਰ ਦੀ ਸਪਲਾਈ ਅੰਦਾਜ਼ਨ ਲਾਗਤ : ਰੁ. 17.95 ਲੱਖ, ਈਐਮਡੀ : 36,000/- ਸਮਾਂ ਹੱਦ : 2 ਮਹੀਨਾ	09.11.2018 ਤੋਂ 16.11.2018 ਨੂੰ ਦੁਪਹਿਰ 12.00 ਵਜੇ ਤੱਕ	16.11.2018 ਨੂੰ ਦੁਪਹਿਰ 12.00 ਵਜੇ
2.	ਕਮਿਊਨਿਟੀ ਸੈਂਟਰ ਸੈਕਟਰ 43, ਚੰਡੀਗੜ੍ਹ ਦੇ ਟੈਰੇਸ ਲਈ ਕਵਰ (ਸ਼ਾਮਣ) ਐਲੂਮੀਨੀਅਮ ਵਿਚ ਫਰਨੀਚਰ ਦੀ ਸਪਲਾਈ ਅੰਦਾਜ਼ਨ ਲਾਗਤ : ਰੁ. 11.59 ਲੱਖ, ਈਐਮਡੀ : 23,200/- ਸਮਾਂ ਹੱਦ : 01 ਮਹੀਨਾ	09.11.2018 ਤੋਂ 16.11.2018 ਨੂੰ ਦੁਪਹਿਰ 12.00 ਵਜੇ ਤੱਕ	16.11.2018 ਨੂੰ ਦੁਪਹਿਰ 12.00 ਵਜੇ

ਨੋਟ : ਹੋਰ ਸਾਰੇ ਨਿਯਮ ਅਤੇ ਸ਼ਰਤਾਂ ਅਤੇ ਪੂਰੇ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਹੈ।
ਕਾਰਜਕਾਰੀ ਇੰਜੀਨੀਅਰ,
ਪੱਬ ਡਵੀਜ਼ਨ ਨੰ. 3, ਕਮਰਾ ਨੰ. 302, ਐਮ.ਸੀ., ਚੰਡੀਗੜ੍ਹ

ਈ-ਟੈਂਡਰ ਨੋਟਿਸ
ਚੰਡੀਗੜ੍ਹ ਪ੍ਰਸ਼ਾਸਨ
ਇੰਜਨੀਅਰਿੰਗ ਵਿਭਾਗ

ਈ-ਟੈਂਡਰ ਨੋਟਿਸ

ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਵੀਜ਼ਨ ਨੰ. 1 ਵਲੋਂ ਭਾਰਤ ਦੇ ਰਾਸ਼ਟਰਪਤੀ ਲਈ ਅਤੇ ਵਲੋਂ ਚੰਡੀਗੜ੍ਹ ਪ੍ਰਸ਼ਾਸਨ, ਮਿਊਂਸਪਲ ਕਾਰਪੋਰੇਸ਼ਨ, ਚੰਡੀਗੜ੍ਹ, ਸੀਪੀਡਬਲਿਊਡੀ, ਸਟੇਟ ਪੀਡਬਲਿਊਡੀਜ਼ ਆਫ਼ ਪੰਜਾਬ, ਹਰਿਆਣਾ ਅਤੇ ਹਿਮਾਚਲ ਅਤੇ ਉਨ੍ਹਾਂ ਦੇ ਬੋਰਡ ਅਤੇ ਕਾਰਪੋਰੇਸ਼ਨਾਂ ਨਾਲ ਸੂਚੀਬੱਧ ਠੇਕੇਦਾਰਾਂ ਦੀ ਏ ਅਤੇ ਬੀ ਕਲਾਸ ਤੋਂ ਫ਼ੀਸਦ ਦਰ ਆਧਾਰਤ ਈ ਟੈਂਡਰ ਮੰਗੇ ਜਾਂਦੇ ਹਨ ਜਿਹੜੇ ਜਿਹੜੇ http://www.etenders.chd.nic.in ਤੋਂ ਡਾਊਨਲੋਡ ਕੀਤੇ ਜਾਣਗੇ/ ਨਿਮਨ ਹਸਤਾਖਰੀ ਦੇ ਦਫ਼ਤਰ ਅਡੀਸ਼ਨਲ ਡੀਲਕਸ ਬਿਲਡਿੰਗ, ਸੈਕਟਰ 9 ਡੀ, ਚੰਡੀਗੜ੍ਹ ਵਿਖੇ ਪਹੁੰਚ ਜਾਣੇ ਚਾਹੀਦੇ ਹਨ।

ਟੈਂਡਰ ਨੰ.	ਆਇਟਮ ਦਾ ਵੇਰਵਾ	ਟੈਂਡਰ ਦੀ ਅੰਦਾਜ਼ਨ ਰਕਮ	ਬਿਆਨਾ ਰਕਮ	ਸਮਾਂ ਹੱਦ	ਬੋਲੀ ਜਮ੍ਹਾਂ ਕਰਨ ਦੀ ਖ਼ਤਮ ਮਿਤੀ	ਬੋਲੀ ਖੋਲ੍ਹਣ ਦੀ ਮਿਤੀ
ਈ1/ ਐਮ-228	ਚੰਡੀਗੜ੍ਹ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਡਿਗਰੀ ਵਿੰਗ) ਸੈਕਟਰ 26, ਚੰਡੀਗੜ੍ਹ ਵਿਚ ਬਲਾਕ ਏ ਅਤੇ ਬੀ ਵਿਚ ਰੋਸ਼ਨੀ ਪੁਆਇੰਟ ਅਤੇ ਥ੍ਰੀ ਫੇਜ਼, ਕੰਪਿਊਟਰ ਪੁਆਇੰਟ, ਪਲੱਗ ਪੁਆਇੰਟ ਮੁਹੱਈਆ ਕਰਾਉਣੇ।	ਰੁ. 5,14,507/-	ਰੁ. 10,300/-	15 ਦਿਨ	13.11.2018 ਨੂੰ ਸ਼ਾਮ 3.00 ਵਜੇ ਤੱਕ	13.11.2018 ਨੂੰ ਸ਼ਾਮ 3.30 ਵਜੇ

ਡੀਐਨਆਈਟੀ ਸਮੇਤ ਨਿਯਮ ਅਤੇ ਸ਼ਰਤਾਂ ਬੋਲੀਕਾਰਾਂ ਵਲੋਂ ਵੈਬਸਾਈਟ http://www.etenders.chd.nic.in ਤੋਂ ਅਪਲੋਡ/ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ।

ਕਾਰਜਕਾਰੀ ਇੰਜੀਨੀਅਰ,
ਇਲੈਕਟ੍ਰੀਕਲ ਡਵੀਜ਼ਨ ਨੰ. 1,
ਐਡੀਸ਼ਨਲ ਡੀਲਕਸ ਬਿਲਡਿੰਗ,
ਦੂਜੀ ਮੰਜ਼ਿਲ, ਸੈਕਟਰ 9, ਚੰਡੀਗੜ੍ਹ,
ਦਫ਼ਤਰ ਫੋਨ ਨੰ. 0172-740307

ਫ਼ੋਰਟਿਸ ਮਲਾਰ ਹੋਸਪਿਟਲਜ਼ ਲਿਮਟਡ
ਕਾਰਪੋਰੇਟ ਪਛਾਣ ਨੰਬਰ: L85110PB1989PLC045948
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼ - 8, ਮੋਹਾਲੀ-160062
ਟੈਲੀ. : +91-172-5096011; ਫ਼ੈਕਸ : +91-172-5096002
ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

30 ਸਤੰਬਰ, 2018 ਨੂੰ ਖ਼ਤਮ ਤਿਮਾਹੀ ਤੇ ਛਿਮਾਹੀ ਲਈ ਅਣਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾ)

	30 ਸਤੰਬਰ, 2018 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	30 ਸਤੰਬਰ, 2018 ਨੂੰ ਖ਼ਤਮ ਛਿਮਾਹੀ (ਅਣਪੜਤਾਲੇ)	30 ਸਤੰਬਰ, 2017 ਨੂੰ ਖ਼ਤਮ ਤਿਮਾਹੀ (ਅਣਪੜਤਾਲੇ)	31 ਮਾਰਚ, 2018 ਨੂੰ ਖ਼ਤਮ ਸਾਲ (ਪੜਤਾਲੇ)
ਕਾਰਵਾਈਆਂ ਤੋਂ ਆਮਦਨ	3,714.76	7,070.89	3,727.03	14,919.27
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਧਾਰਨ ਮਦਾਂ ਤੋਂ ਪਹਿਲਾਂ)	44.26	(54.86)	187.50	530.99
ਸ਼ੁੱਧ ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਧਾਰਨ ਮਦਾਂ ਤੋਂ ਬਾਅਦ)	44.26	(54.86)	187.50	530.99
ਸ਼ੁੱਧ ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਧਾਰਨ ਮਦਾਂ ਤੋਂ ਬਾਅਦ)	37.34	(32.35)	125.40	314.12
ਕੁਲ ਵਿਆਪਕ (ਹਾਨੀ)/ਆਮਦਨ ਸਮੇਂ ਲਈ [ਸਮੇਂ ਲਈ ਲਾਭ ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)]	43.17	(14.14)	129.95	326.42
ਅਦਾ ਕੀਤੀ ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ)	1,875.70	1,875.70	1,869.95	1,869.95
ਹੋਰ ਇਕੁਇਟੀ				8,289.62
ਸ਼ੇਅਰ ਅਨੁਸਾਰ ਕਮਾਈ (ਚਾਲੂ ਅਤੇ ਨਾ ਚਾਲੂ ਅਪ੍ਰੇਸ਼ਨਾਂ ਲਈ) (ਫੇਸ ਵੈਲਯੂ ਦਾ 10 ਰੁ. ਹਰੇਕ ਲਈ 10)				
(ੳ) ਬੇਸਿਕ	0.20	(0.17)	0.70	1.68
(ਅ) ਡਿਲੀਊਟਡ	0.20	(0.17)	0.69	1.67
	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ ਨਹੀਂ)	(ਸਾਲਾਨਾ)

ਨੋਟ:
1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੁ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਕੋਲ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) 'ਤੇ ਅਤੇ ਕੰਪਨੀ ਦੀ ਵੈੱਬਸਾਈਟ (www.fortismalar.com) 'ਤੇ ਮੌਜੂਦ ਹੈ।

ਬਾ ਹੁਕਮ ਬੋਰਡ
ਲਈ ਅਤੇ ਵਲੋਂ ਫੋਰਟਿਸ ਮਲਾਰ ਹਸਪਤਾਲਜ਼ ਲਿਮਟਿਡ
ਦਲਜੀਤ ਸਿੰਘ
ਚੇਅਰਮੈਨ
ਡੀ.ਆਈ.ਐਨ. ਨੰ. : 00135414

ਸਥਾਨ : ਚੇਨਈ
ਮਿਤੀ : 9 ਨਵੰਬਰ, 2018